# ਅਧਿਕਾਰਤ ਬੈਲਟ



**Yolo ਕਾਉਂਟੀ**

**ਆਮ ਚੋਣਾਂ**

**3 ਨਵੰਬਰ, 2020**

**ਖੇਤਰ 100045-CON 45**

26957 v1

## ਮਤਦਾਤਾਵਾਂ ਲਈ ਹਿਦਾਇਤਾਂ

- **ਵੋਟ ਪਾਉਣ ਲਈ,** ਕਿਸੇ ਵੀ ਉਮੀਦਵਾਰ ਦੇ ਨਾਮ ਦੇ ਅੱਗੇ ਦਿਤੇ ਬੌਕਸ ਨੂੰ ਪੂਰੀ ਤਰ੍ਹਾਂ ਭਰੋ। ਹਰੇਕ ਚੋਣ ਦੇ ਸਿਖਰ ਤੇ ਸੂਚੀਬੱਧ ਨੰਬਰ ਤੋਂ ਵੱਧ ਲਈ ਵੋਟ ਨਾ ਪਾਓ।
- **ਕਿਸੇ ਯੋਗ ਰਾਈਟ-ਇਨ ਉਮੀਦਵਾਰ ਲਈ ਵੋਟ ਪਾਉਣ ਲਈ,** ਪ੍ਰਦਾਨ ਕੀਤੀ ਗਈ ਲਾਈਨ ‘ਤੇ ਉਸ ਉਮੀਦਵਾਰ ਦਾ ਨਾਮ ਲਿਖੋ ਅਤੇ ਅੱਗੇ ਦਿਤੇ ਬੌਕਸ ਨੂੰ ਪੂਰੀ ਤਰ੍ਹਾਂ ਭਰੋ।
- **ਕਿਸੇ ਵਿਧੇਅਕ ‘ਤੇ ਵੋਟ ਪਾਉਣ ਲਈ,** ਸ਼ਬਦ “ਹਾਂ” ਜਾਂ “ਨਹੀਂ” ਦੇ ਅੱਗੇ ਵਾਲੇ ਬੌਕਸ ਨੂੰ ਪੂਰਾ ਭਰ ਦਿਓ।
- **ਜੇ ਤੁਸੀਂ ਕੋਈ ਗਲਤੀ ਕਰ ਦਿੰਦੇ ਹੋ,** ਤੁਸੀਂ ਕਿਸੇ ਚੋਣ ਕਰਮੀ ਤੋਂ ਨਵਾਂ ਬੈਲਟ ਪ੍ਰਾਪਤ ਕਰ ਸਕਦੇ ਹੋ ਜਾਂ ਨਿਰਦੇਸ਼ਾਂ ਲਈ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਨੂੰ 530-666-8133 ਤੇ ਕਾੱਲ ਕਰ ਸਕਦੇ ਹੋ।

**ਆਪਣੀ ਚੋਣ ਦੇ ਅੱਗੇ ਦਿੱਤੇ ਬੌਕਸ (■) ਨੂੰ ਪੂਰਾ ਭਰ ਦਿਓ।**

| ■ | ☑ | ☒ |
|---|---|---|
| ਸਹੀ | ਗਲਤ | ਗਲਤ |

### ਪਾਰਟੀ-ਮਨੋਨੀਤ ਅਹੁਦੇ

ਆਮ ਚੋਣ ਬੈਲਟ ‘ਤੇ ਪਾਰਟੀ-ਨਾਮਜ਼ਦ ਦਫ਼ਤਰ ਲਈ ਉਮੀਦਵਾਰ ਦੇ ਨਾਮ ਦੇ ਨਾਲ ਲਗੇ ਪਾਰਟੀ ਲੇਬਲ ਦਾ ਅਰਥ ਹੈ ਕਿ ਉਹ ਉਮੀਦਵਾਰ ਦਿਖਾਈ ਗਈ ਪਾਰਟੀ ਦਾ ਅਧਿਕਾਰਤ ਨਾਮਜ਼ਦ ਵਿਅਕਤੀ ਹੈ।

## ਸੰਘੀ

### ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ

ਇੱਕ (1) ਪਾਰਟੀ ਲਈ ਵੋਟ ਪਾਓ

☐ **ROQUE “ROCKY” DE LA FUENTE GUERRA**
KANYE OMARI WEST
ਅਮਰੀਕਨ ਇੰਡੀਪੈਂਡੈਂਟ

☐ **HOWIE HAWKINS**
ANGELA NICOLE WALKER
ਗ੍ਰੀਨ

☐ **JO JORGENSEN**
JEREMY “SPIKE” COHEN
ਲਿਬਰਟੇਰਿਅਨ

☐ **JOSEPH R. BIDEN**
KAMALA D. HARRIS
ਡੇਮੋਕ੍ਰੈਟਿਕ

☐ **DONALD J. TRUMP**
MICHAEL R. PENCE
ਰੀਪਬਲਿਕਨ

☐ **GLORIA LA RIVA**
SUNIL FREEMAN
ਪੀਸ ਐਂਡ ਫ੍ਰੀਡਮ

☐ ________________
ਰਾਈਟ-ਇਨ

### ਮਤਦਾਤਾ-ਮਨੋਨੀਤ ਅਤੇ ਗੈਰ-ਪੱਖਪਾਤੀ ਦਫ਼ਤਰ

ਸਾਰੇ ਮਤਦਾਤਾ, ਭਾਵੇਂ ਉਨ੍ਹਾਂ ਨੇ ਰਜ਼ਿਸਟ੍ਰੇਸ਼ਨ ਵੇਲੇ ਕਿਸੇ ਵੀ ਪਾਰਟੀ ਤਰਜੀਹ ਦਾ ਖੁਲਾਸਾ ਕੀਤਾ ਹੋਵੇ, ਜਾਂ ਕਿਸੇ ਪਾਰਟੀ ਤਰਜੀਹ ਦਾ ਖੁਲਾਸਾ ਕਰਨ ਤੋਂ ਇਨਕਾਰ ਕੀਤਾ ਹੋਵੇ, ਉਹ ਕਿਸੇ ਮਤਦਾਤਾ-ਮਨੋਨੀਤ ਜਾਂ ਗੈਰ-ਪੱਖਪਾਤੀ ਅਹੁਦੇ ਲਈ ਖੜ੍ਹੇ ਕਿਸੇ ਵੀ ਉਮੀਦਵਾਰ ਲਈ ਵੋਟ ਕਰ ਸਕਦੇ ਹਨ। ਮਤਦਾਤਾ-ਮਨੋਨੀਤ ਅਹੁਦੇ ਲਈ ਕਿਸੇ ਉਮੀਦਵਾਰ ਦੁਆਰਾ ਨਾਮਿਤ ਪਾਰਟੀ ਤਰਜੀਹ, ਜੇ ਕੋਈ ਹੋਵੇ, ਉਮੀਦਵਾਰ ਦੁਆਰਾ ਚੁਣੀ ਜਾਂਦੀ ਹੈ ਅਤੇ ਸਿਰਫ਼ ਮਤਦਾਤਾਵਾਂ ਦੀ ਜਾਣਕਾਰੀ ਲਈ ਦਿਖਾਈ ਜਾਂਦੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਉਸ ਉਮੀਦਵਾਰ ਨੂੰ ਉਸ ਪਾਰਟੀ ਵਲੋਂ ਮਨੋਨੀਤ ਕੀਤਾ ਗਿਆ ਹੈ ਜਾਂ ਸਮਰਥਨ ਪ੍ਰਾਪਤ ਹੈ ਜਾਂ ਪਾਰਟੀ ਉਸ ਉਮੀਦਵਾਰ ਨੂੰ ਮਨਜ਼ੂਰੀ ਦਿੰਦੀ ਹੈ। ਗੈਰ-ਪੱਖਪਾਤੀ ਅਹੁਦੇ ਲਈ ਇੱਕ ਉਮੀਦਵਾਰ ਦੀ ਪਾਰਟੀ ਤਰਜੀਹ, ਜੇ ਕੋਈ ਹੋਵੇ, ਤਾਂ ਮਤਪੱਤਰ ਤੇ ਨਹੀਂ ਦਿਖਾਈ ਜਾਂਦੀ ਹੈ।

### ਸੰਯੁਕਤ ਰਾਜ ਅਮਰੀਕਾ ਦਾ ਨੁਮਾਇੰਦਾ
### 3ਜੀ ਡਿਸਟ੍ਰਿਕਟ

ਇੱਕ (1) ਲਈ ਵੋਟ ਪਾਓ

☐ **TAMIKA HAMILTON**
ਰੀਪਬਲਿਕਨ
ਏਅਰਫੋਰਸ ਸਾਰਜੈਂਟ

☐ **JOHN GARAMENDI**
ਡੇਮੋਕ੍ਰੈਟਿਕ
ਕਾਂਗਰਸਮੈਨ/ਰੈਂਚਰ

ਅਗਲੇ ਕਾਲਮ ਵਿੱਚ ਵੋਟ ਪਾਉਣਾ ਜਾਰੀ ਰੱਖੋ

### ਸਟੇਟ ਸੈਨੇਟਰ
### 3ਜੀ ਡਿਸਟ੍ਰਿਕਟ

ਇੱਕ (1) ਲਈ ਵੋਟ ਪਾਓ

☐ **BILL DODD**
ਡੇਮੋਕ੍ਰੈਟਿਕ
ਸਟੇਟ ਸੈਨੇਟਰ

☐ **CARLOS SANTAMARIA**
ਰੀਪਬਲਿਕਨ
ਕਾਰੋਬਾਰ ਦੇ ਮਾਲਕ/ਸਲਾਹਕਾਰ

### ਰਾਜ ਸਭਾ ਦੇ ਸਦੱਸ
### 4ਥੀ ਡਿਸਟ੍ਰਿਕਟ

ਇੱਕ (1) ਲਈ ਵੋਟ ਪਾਓ

☐ **MATTHEW L. NELSON**
ਰੀਪਬਲਿਕਨ
ਆਪਦਾ ਰਾਹਤ ਆਯੋਜਕ

☐ **CECILIA AGUIAR-CURRY**
ਡੇਮੋਕ੍ਰੈਟਿਕ
ਰਾਜ ਵਿਧਾਨ ਸਭਾ ਦੀ ਸਦੱਸ/ਕਿਸਾਨ

## ਸਕੂਲ

### Solano ਕਮਿਯੂਨਿਟੀ ਕਾਲਜ ਡਿਸਟ੍ਰਿਕਟ
### ਸੰਚਾਲਕ ਬੋਰਡ ਦੇ ਸਦੱਸ
### ਟਰੱਸਟੀ ਖੇਤਰ 7

ਇੱਕ (1) ਲਈ ਵੋਟ ਪਾਓ

☐ **MICHAEL A. MARTIN**
ਮੌਜੂਦਾ ਨਿਯੁਕਤ ਅਧਿਕਾਰੀ

☐ **CATHERINE C. FROST**
ਰਿਟਾਇਰਡ ਕਾਲਜ ਪ੍ਰਬੰਧਕ

☐ ________________
ਰਾਈਟ-ਇਨ

### Winters ਜੁਆਇੰਟ ਯੂਨੀਫਾਈਡ ਸਕੂਲ ਡਿਸਟ੍ਰਿਕਟ
### ਸੰਚਾਲਕ ਬੋਰਡ ਦੇ ਸਦੱਸ
### ਟਰੱਸਟੀ ਖੇਤਰ 3
### ਘੱਟ ਸਮੇਂ ਲਈ

ਇੱਕ (1) ਲਈ ਵੋਟ ਪਾਓ

☐ **JOEDY MICHAEL**
ਪਿਤਾ/ਮਨੋਰੰਜਨ ਸੁਪਰਵਾਈਜ਼ਰ

☐ **STEPHANIE CHÁVEZ**
ਰਾਈਟ-ਇਨ

☐ ________________
ਰਾਈਟ-ਇਨ

## ਵੋਟਰਾਂ ਅੱਗੇ ਰੱਖੇ ਗਏ ਵਿਧੇਅਕ

## ਰਾਜ

## California ਰਾਜ

### ਪ੍ਰਸਤਾਵ 14

ਸਟੈਮ ਸੈੱਲ ਰਿਸਰਚ ਨੂੰ ਜਾਰੀ ਰੱਖਣ ਵਾਲੇ ਬੌਂਡ ਨੂੰ ਅਧਿਕਾਰਤ ਕਰਦਾ ਹੈ। ਪਹਿਲ ਕਾਨੂੰਨ। ਇਹਨਾਂ ਲਈ $5.5 ਬਿਲੀਅਨ ਦੇ ਰਾਜ ਬੌਂਡਸ ਨੂੰ ਅਧਿਕਾਰਤ ਕਰਦਾ ਹੈ: ਸਟੈਮ ਸੈੱਲ ਅਤੇ ਹੋਰ ਡਾਕਟਰੀ ਰਿਸਰਚ, ਸਿਖਲਾਈ ਸਮੇਤ; ਰਿਸਰਚ ਸਹੂਲਤ ਦੀ ਉਸਾਰੀ; ਪ੍ਰਸ਼ਾਸਕੀ ਖਰਚੇ। ਦਿਮਾਗ ਨਾਲ ਸੰਬੰਧਿਤ ਬਿਮਾਰੀਆਂ ਲਈ $1.5 ਬਿਲੀਅਨ ਸਮਰਪਿਤ ਕਰਦਾ ਹੈ। ਵਾਪਸੀ ਅਦਾਇਗੀ ਲਈ ਆਮ ਫੰਡ ਦੇ ਪੈਸੇ ਦੀ ਵਰਤੋਂ ਕਰਦਾ ਹੈ। ਸੰਬੰਧਿਤ ਪ੍ਰੋਗਰਾਮਾਂ ਦਾ ਵਿਸਤਾਰ ਕਰਦਾ ਹੈ। ਆਰਥਕ ਪਰਭਾਵ: ਬੌਂਡਸ ਦੇ ਵਾਪਸੀ ਭੁਗਤਾਨ ਕਰਨ ਦੀਆਂ ਰਾਜ ਦੀਆਂ ਲਾਗਤਾਂ ਦਾ ਅਗਲੇ 30 ਵਰ੍ਹਿਆਂ ਵਿੱਚ ਪ੍ਰਤੀ ਸਾਲ ਲਗਭੱਗ $260 ਮਿਲੀਅਨ ਹੋ ਜਾਣ ਦਾ ਅਨੁਮਾਨ ਹੈ।

☐ **ਬੌਂਡਸ ਹਾਂ**

☐ **ਬੌਂਡਸ ਨਹੀਂ**

ਅਗਲੇ ਕਾਲਮ ਵਿੱਚ ਵੋਟ ਪਾਉਣਾ ਜਾਰੀ ਰੱਖੋ

### ਪ੍ਰਸਤਾਵ 15

ਸਰਕਾਰੀ ਸਕੂਲਾਂ, ਕਮਿਊਨਿਟੀ ਕਾਲਜਾਂ, ਅਤੇ ਸਥਾਨਕ ਸਰਕਾਰੀ ਸੇਵਾਵਾਂ ਲਈ ਵਪਾਰਕ ਅਤੇ ਉਦਯੋਗਿਕ ਸੰਪਤੀ ‘ਤੇ ਟੈਕਸ ਮੁਲਾਂਕਣ ਨੂੰ ਬਦਲ ਕੇ ਫੰਡਿੰਗ ਦੇ ਸੋਮਿਆਂ ਨੂੰ ਵਧਾਉਂਦਾ ਹੈ। ਪਹਿਲ ਸੰਵਿਧਾਨਕ ਸੰਸ਼ੋਧਨ। ਅਜਿਹੀਆਂ ਸੰਪਤੀਆਂ ‘ਤੇ ਉਹਨਾਂ ਦੀ ਖਰੀਦ ਦੇ ਮੁੱਲ ਦੀ ਬਜਾਏ ਮੌਜੂਦਾ ਬਜ਼ਾਰੀ ਮੁੱਲ ਦੇ ਆਧਾਰ ‘ਤੇ ਟੈਕਸ ਲਗਾਉਂਦਾ ਹੈ। ਆਰਥਕ ਪ੍ਰਭਾਵ: $3 ਮਿਲੀਅਨ ਤੋਂ ਵੱਧ ਮੁੱਲ ਵਾਲੀਆਂ ਵਪਾਰਕ ਸੰਪਤੀਆਂ ‘ਤੇ ਸੰਪਤੀ ਟੈਕਸ ਵਧਣਗੇ ਜਿਸ ਨਾਲ ਸਥਾਨਕ ਸਰਕਾਰਾਂ ਅਤੇ ਸਕੂਲਾਂ ਨੂੰ $6.5 ਬਿਲੀਅਨ ਤੋਂ $11.5 ਬਿਲੀਅਨ ਤੱਕ ਦੇ ਨਵੇਂ ਫੰਡਿੰਗ ਸੋਮੇ ਪ੍ਰਾਪਤ ਹੋਣਗੇ।

☐ ਹਾਂ

☐ ਨਹੀਂ

### ਪ੍ਰਸਤਾਵ 16

ਵਿਭਿੰਨਤਾ ਨੂੰ ਜਨਤਕ ਰੁਜ਼ਗਾਰ, ਸਿੱਖਿਆ ਅਤੇ ਇਕਰਾਰਨਾਮੇ ਦੇ ਫੈਸਲਿਆਂ ਵਿੱਚ ਇੱਕ ਕਾਰਕ ਵਜੋਂ ਵਿਚਾਰਨ ਦੀ ਇਜਾਜ਼ਤ ਦਿੰਦਾ ਹੈ। ਵਿਧਾਨਕ ਸੰਵਿਧਾਨਕ ਸੋਧ। ਵਿਭਿੰਨਤਾ ਨੂੰ ਸੰਬੋਧਿਤ ਕਰਨ ਲਈ ਸਰਕਾਰ ਦੀਆਂ ਫੈਸਲੇ ਲੈਣ ਦੀਆਂ ਨੀਤੀਆਂ ਨੂੰ ਨਸਲ, ਲਿੰਗ, ਰੰਗ, ਜਾਤ ਜਾਂ ਰਾਸ਼ਟਰੀ ਮੂਲ ਬਾਰੇ ਵਿਚਾਰ ਕਰਨ ਲਈ ਇਜਾਜ਼ਤ ਦਿੰਦਾ ਹੈ ਅਤੇ ਅਜਿਹੀਆਂ ਨੀਤੀਆਂ ਦੀ ਮਨਾਹੀ ਕਰਨ ਵਾਲੀ ਸੰਵਿਧਾਨਕ ਵਿਵਸਥਾ ਨੂੰ ਰੱਦ ਕਰਦਾ ਹੈ। ਆਰਥਕ ਪ੍ਰਭਾਵ: ਰਾਜ ਅਤੇ ਸਥਾਨਕ ਸੰਸਥਾਵਾਂ ‘ਤੇ ਕੋਈ ਸਿੱਧਾ ਆਰਥਕ ਪ੍ਰਭਾਵ ਨਹੀਂ। ਵਿਧੇਅਕ ਦੇ ਪ੍ਰਭਾਵ ਰਾਜ ਅਤੇ ਸਥਾਨਕ ਸਰਕਾਰ ਦੀਆਂ ਸੰਸਥਾਵਾਂ ਦੀਆਂ ਭਵਿੱਖ ਦੀਆਂ ਚੋਣਾਂ ‘ਤੇ ਨਿਰਭਰ ਕਰਦੇ ਹਨ ਅਤੇ ਬਹੁਤ ਜ਼ਿਆਦਾ ਅਨਿਸ਼ਚਿਤ ਹਨ।

☐ ਹਾਂ

☐ ਨਹੀਂ

### ਪ੍ਰਸਤਾਵ 17

ਜੇਲ੍ਹ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਵੋਟ ਪਾਉਣ ਦੇ ਅਧਿਕਾਰ ਨੂੰ ਬਹਾਲ ਕਰਦਾ ਹੈ। ਵਿਧਾਨਕ ਸੰਵਿਧਾਨਕ ਸੋਧ। ਉਹਨਾਂ ਲੋਕਾਂ ਲਈ ਜੇਲ੍ਹ ਦੀ ਸਜ਼ਾ ਪੂਰੀ ਹੋਣ ‘ਤੇ ਵੋਟਿੰਗ ਦੇ ਅਧਿਕਾਰਾਂ ਨੂੰ ਬਹਾਲ ਕਰਦਾ ਹੈ ਜਿਨ੍ਹਾਂ ਨੂੰ ਜੇਲ੍ਹ ਦੀ ਸਜ਼ਾ ਕੱਟਣ ਦੇ ਦੌਰਾਨ ਵੋਟ ਪਾਉਣ ਤੋਂ ਅਯੋਗ ਠਹਿਰਾਇਆ ਗਿਆ ਹੈ। ਆਰਥਕ ਪ੍ਰਭਾਵ: ਵੋਟਰ ਰਜਿਸਟ੍ਰੇਸ਼ਨ ਅਤੇ ਬੈਲਟ ਸਮੱਗਰੀ ਲਈ ਕਾਉਂਟੀ ਦੇ ਸਾਲਾਨਾ ਖਰਚੇ, ਸੰਭਾਵੀ ਤੌਰ ‘ਤੇ ਰਾਜ ਭਰ ਵਿੱਚ ਸੈਂਕੜੇ ਹਜ਼ਾਰ ਡਾਲਰ। ਵੋਟਰ ਰਜਿਸਟ੍ਰੇਸ਼ਨ ਕਾਰਡਾਂ ਅਤੇ ਪ੍ਰਣਾਲੀਆਂ ਲਈ ਰਾਜ ਦੇ ਇੱਕ ਵਾਰ ਦੇ ਖਰਚੇ, ਸੰਭਾਵੀ ਤੌਰ ‘ਤੇ ਰਾਜ ਭਰ ਵਿੱਚ ਸੈਂਕੜੇ ਹਜ਼ਾਰ ਡਾਲਰ।

☐ ਹਾਂ

☐ ਨਹੀਂ

### ਪ੍ਰਸਤਾਵ 18

CALIFORNIA ਦੇ ਸੰਵਿਧਾਨ ਵਿੱਚ ਸੰਸ਼ੋਧਨ ਕਰਦਾ ਹੈ ਜਿਸ ਦੇ ਤਹਿਤ 17 ਸਾਲ ਦੀ ਉਮਰ ਦੇ ਵਿਅਕਤੀਆਂ ਨੂੰ ਮੁੱਢਲੀਆਂ ਅਤੇ ਖਾਸ ਚੋਣਾਂ ਵਿੱਚ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜੇਕਰ ਉਹ ਵਿਅਕਤੀ ਅਗਲੀਆਂ ਆਮ ਚੋਣਾਂ ਤੱਕ 18 ਸਾਲ ਦਾ ਹੋ ਜਾਵੇਗਾ ਅਤੇ ਕਨੂੰਨ ਮੁਤਾਬਕ ਵੋਟ ਕਰਨ ਦੇ ਯੋਗ ਹੋਵੇਗਾ। ਵਿਧਾਨਕ ਸੰਵਿਧਾਨਕ ਸੋਧ। ਆਰਥਕ ਪ੍ਰਭਾਵ: ਪੂਰੇ ਰਾਜ ਦੇ ਖਰਚੇ ਵਧਣਗੇ ਜਿੰਨਾਂ ਦੇ ਹਰੇਕ ਦੋ ਸਾਲ ਵਿੱਚ ਕਈ ਲੱਖਾਂ ਡਾਲਰਾਂ ਤੋਂ ਲੈਕੇ $1 ਮਿਲੀਅਨ ਤੱਕ ਹੋਣ ਦੀ ਸੰਭਾਵਨਾ ਹੈ। ਰਾਜ ਦੇ ਇੱਕ ਵਾਰ ਹੋਣ ਵਾਲੇ ਖਰਚਿਆਂ ਵਿੱਚ ਕਈ ਲੱਖਾਂ ਡਾਲਰਾਂ ਦਾ ਵਾਧਾ।

☐ ਹਾਂ

☐ ਨਹੀਂ

### ਪ੍ਰਸਤਾਵ 19

ਕੁਝ ਖਾਸ ਸੰਪਤੀ ਟੈਕਸ ਸੰਬੰਧੀ ਨਿਯਮਾਂ ਵਿੱਚ ਬਦਲਾਵ ਕਰਦਾ ਹੈ। ਵਿਧਾਨਕ ਸੰਵਿਧਾਨਕ ਸੋਧ। ਘਰ ਦੇ ਮਾਲਕ ਜਿਨ੍ਹਾਂ ਦੀ ਉਮਰ 55 ਸਾਲ ਤੋਂ ਵੱਧ ਹੈ, ਜੋ ਅਪਾਹਜ ਹਨ, ਜਾਂ ਜਿੰਨਾਂ ਦੇ ਘਰ ਜੰਗਲ ਦੀ ਅੱਗ/ਆਪਦਾ ਕਾਰਨ ਨਸ਼ਟ ਹੋ ਗਏ ਹਨ, ਉਹਨਾਂ ਨੂੰ ਆਪਣਾ ਮੁੱਢਲੇ ਰਿਹਾਇਸ਼ੀ ਟੈਕਸ ਬੇਸ ਨੂੰ ਬਦਲਵੀਂ ਰਿਹਾਇਸ਼ ‘ਤੇ ਟ੍ਰਾਂਸਫਰ ਕਰਨ ਦੀ ਇਜਾਜ਼ਤ ਦਿੰਦਾ ਹੈ। ਪਰਿਵਾਰਕ-ਸੰਪਤੀ ਟ੍ਰਾਂਸਫਰਾਂ ‘ਤੇ ਟੈਕਸ ਲਗਾਉਣ ਦੇ ਸਿਸਟਮ ਨੂੰ ਬਦਲਦਾ ਹੈ। ਅੱਗ ਸੰਬੰਧੀ ਸੁਰੱਖਿਆ ਸੇਵਾਵਾਂ ਲਈ ਫੰਡ ਸਥਾਪਤ ਕਰਦਾ ਹੈ। ਆਰਥਕ ਪ੍ਰਭਾਵ: ਸਥਾਨਕ ਸਰਕਾਰਾਂ ਇਸ ਦੀ ਵਜ੍ਹਾ ਨਾਲ ਸੰਪਤੀ ਟੈਕਸ ਤੋਂ ਹੋਣ ਵਾਲੀ ਆਮਦਨ ਦੇ ਰੂਪ ਵਿੱਚ ਕਈ ਮਿਲੀਅਨ ਡਾਲਰ ਪ੍ਰਾਪਤ ਕਰ ਸਕਦੀਆਂ ਹਨ, ਜੋ ਸੰਭਾਵੀ ਤੌਰ ‘ਤੇ ਆਉਣ ਵਾਲੇ ਸਮੇਂ ਵਿੱਚ ਕੁਝ ਸੌ ਮਿਲੀਅਨ ਡਾਲਰਾਂ ਤੱਕ ਪਹੁੰਚ ਸਕਦਾ ਹੈ। ਸਕੂਲ ਵੀ ਸਮਾਨ ਸੰਪਤੀ ਟੈਕਸ ਲਾਭ ਪ੍ਰਾਪਤ ਕਰ ਸਕਦੇ ਹਨ।

☐ ਹਾਂ

☐ ਨਹੀਂ

ਪਿਛਲੇ ਪਾਸੇ ਵੋਟ ਪਾਉਣਾ ਜਾਰੀ ਰੱਖੋ

# ਅਧਿਕਾਰਤ ਬੈਲਟ



**Yolo ਕਾਉਂਟੀ**

**ਆਮ ਚੋਣਾਂ**

**3 ਨਵੰਬਰ, 2020**

**ਖੇਤਰ 100045-CON 45**

26957 v1

## ਪ੍ਰਸਤਾਵ 20

ਇਸ ਵੇਲੇ ਅਹਿੰਸਕ ਮੰਨੇ ਜਾਣ ਵਾਲੇ ਕੁਝ ਅਪਰਾਧਾਂ ਲਈ ਪੈਰੋਲ 'ਤੇ ਪਾਬੰਦੀ ਲਗਾਉਂਦਾ ਹੈ। ਇਸ ਸਮੇਂ ਸਿਰਫ਼ ਛੋਟੇ ਅਪਰਾਧ ਮੰਨੇ ਜਾਂਦੇ ਕੁਝ ਅਪਰਾਧਾਂ ਲਈ ਗੰਭੀਰ ਅਪਰਾਧ ਦੀ ਸਜ਼ਾ ਨੂੰ ਅਧਿਕਾਰਤ ਕਰਦਾ ਹੈ। ਪਹਿਲ ਕਾਨੂੰਨ। ਕੁਝ ਅਪਰਾਧਾਂ ਲਈ ਯੋਗਤਾ ਖਤਮ ਕਰਕੇ, ਉਹਨਾਂ ਅਹਿੰਸਕ ਅਪਰਾਧੀਆਂ ਲਈ ਸਥਾਪਿਤ ਪੈਰੋਲ ਪ੍ਰੋਗਰਾਮ ਤਕ ਪਹੁੰਚ ਨੂੰ ਸੀਮਿਤ ਕਰਦਾ ਹੈ ਜਿਨ੍ਹਾਂ ਨੇ ਆਪਣੇ ਮੁਢਲੇ ਅਪਰਾਧ ਦੀ ਸਜ਼ਾ ਪੂਰੀ ਕਰ ਲਈ ਹੈ। ਆਰਥਕ ਪ੍ਰਭਾਵ: ਲਾਗੂ ਹੋਣ 'ਤੇ ਨਿਰਭਰ ਕਰਦੇ ਹੋਏ, ਸੰਭਾਵੀ ਤੌਰ 'ਤੇ ਰਾਜ ਅਤੇ ਸਥਾਨਕ ਸੁਧਾਰ, ਅਦਾਲਤ ਅਤੇ ਕਾਨੂੰਨ ਲਾਗੂਕਰਨ ਨਾਲ ਸੰਬੰਧਿਤ ਖਰਚਿਆਂ ਵਿੱਚ ਸਾਲਾਨਾ ਤੌਰ 'ਤੇ ਦਸੀਆਂ ਮਿਲੀਅਨ ਡਾਲਰ ਦਾ ਵਾਧਾ।

☐ ਹਾਂ

☐ ਨਹੀਂ

## ਪ੍ਰਸਤਾਵ 21

ਰਿਹਾਇਸ਼ੀ ਜਾਇਦਾਦ 'ਤੇ ਕਿਰਾਏ ਦੇ ਨਿਯੰਤ੍ਰਣ ਨੂੰ ਲਾਗੂ ਕਰਨ ਦੇ ਸਥਾਨਕ ਸਰਕਾਰਾਂ ਦੇ ਅਧਿਕਾਰ ਨੂੰ ਵਧਾਉਣਾ। ਪਹਿਲ ਕਾਨੂੰਨ। 15 ਸਾਲਾਂ ਤੋਂ ਪੁਰਾਣੀਆਂ ਰਿਹਾਇਸ਼ੀ ਸੰਪਤੀਆਂ 'ਤੇ ਸਥਾਨਕ ਸਰਕਾਰਾਂ ਨੂੰ ਕਿਰਾਏ ਦਾ ਨਿਯੰਤ੍ਰਣ ਸਥਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ। ਦਰ ਵਿੱਚ ਹੋਣ ਵਾਲੇ ਵਾਧੇ ਦੀਆਂ ਸਥਾਨਕ ਸੀਮਾਵਾਂ ਪੂਰੇ ਰਾਜ ਦੀ ਸੀਮਾ ਤੋਂ ਵੱਖਰੀਆਂ ਹੋ ਸਕਦੀਆਂ ਹਨ। ਆਰਥਕ ਪਰਭਾਵ: ਸਮੁੱਚੇ ਤੌਰ 'ਤੇ, ਸਮਾਂ ਬੀਤਣ ਦੇ ਨਾਲ ਰਾਜ ਅਤੇ ਸਥਾਨਕ ਆਮਦਨਾਂ ਵਿੱਚ ਪ੍ਰਤੀ ਸਾਲ ਉੱਚ ਪੱਧਰ ਵਿੱਚ ਕਈ ਮਿਲੀਅਨ ਡਾਲਰਾਂ ਦੀ ਸੰਭਾਵਤ ਕਮੀ ਆ ਸਕਦੀ ਹੈ। ਸਥਾਨਕ ਸਮੂਦਾਇਆਂ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ਦੇ ਆਧਾਰ ਤੇ, ਆਮਦਨੀਆਂ ਵਿੱਚ ਘਾਟੇ ਘੱਟ ਜਾਂ ਵੱਧ ਹੋ ਸਕਦੇ ਹਨ।

☐ ਹਾਂ

☐ ਨਹੀਂ

## ਪ੍ਰਸਤਾਵ 22

ਐਪ-ਆਧਾਰਤ ਆਵਾਜਾਈ ਅਤੇ ਡਿਲਿਵਰੀ ਕਰਨ ਵਾਲੀਆਂ ਕੰਪਨੀਆਂ ਨੂੰ ਕੁਝ ਖਾਸ ਡ੍ਰਾਈਵਰਾਂ ਨੂੰ ਕਰਮਚਾਰੀ ਲਾਭ ਦੇਣ ਤੋਂ ਛੋਟ ਪ੍ਰਦਾਨ ਕਰਦਾ ਹੈ। ਪਹਿਲ ਕਾਨੂੰਨ। ਐਪ-ਆਧਾਰਤ ਡ੍ਰਾਈਵਰਾਂ ਨੂੰ ਕੁਝ ਖਾਸ ਮਾਪਦੰਡ ਪੂਰਾ ਨਾ ਹੋਣ ਤੱਕ "ਕਰਮਚਾਰੀਆਂ" ਦੀ ਬਜਾਏ "ਸੁਤੰਤਰ ਠੇਕੇਦਾਰਾਂ" ਵਜੋਂ ਵਰਗੀਕਿਰਤ ਕਰਦਾ ਹੈ ਅਤੇ ਸੁਤੰਤਰ ਠੇਕੇਦਾਰ ਡ੍ਰਾਈਵਰਾਂ ਨੂੰ ਹੋਰ ਮੁਆਵਜ਼ਾ ਮੁਹੱਈਆ ਕਰਵਾਉਂਦਾ ਹੈ। ਆਰਥਕ ਪ੍ਰਭਾਵ: ਰਾਈਡਸ਼ੇਅਰ ਅਤੇ ਡਿਲਿਵਰੀ ਕੰਪਨੀ ਦੇ ਡ੍ਰਾਈਵਰਾਂ ਅਤੇ ਨਿਵੇਸ਼ਕਾਂ ਵੱਲੋਂ ਭੁਗਤਾਨ ਕੀਤੇ ਜਾਣ ਵਾਲੇ ਰਾਜ ਆਮਦਨ ਟੈਕਸ ਵਿੱਚ ਥੋੜ੍ਹਾ ਜਿਹਾ ਵਾਧਾ।

☐ ਹਾਂ

☐ ਨਹੀਂ

## ਪ੍ਰਸਤਾਵ 23

ਗੁਰਦਾ ਡਾਇਲਸਿਸ ਕਲੀਨਿਕਾਂ ਲਈ ਰਾਜ ਦੀਆਂ ਲੋੜਾਂ ਸਥਾਪਿਤ ਕਰਦਾ ਹੈ। ਸਾਈਟ 'ਤੇ ਮੈਡੀਕਲ ਪੇਸ਼ੇਵਰ ਦੇ ਮੌਜੂਦ ਹੋਣ ਨੂੰ ਜ਼ਰੂਰੀ ਬਣਾਉਂਦਾ ਹੈ। ਪਹਿਲ ਕਾਨੂੰਨ। ਡਾਇਲਸਿਸ ਇਲਾਜ ਦੇ ਦੌਰਾਨ ਸਾਈਟ 'ਤੇ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਡਾਕਟਰ ਦੇ ਮੌਜੂਦ ਹੋਣ ਨੂੰ ਜ਼ਰੂਰੀ ਬਣਾਉਂਦਾ ਹੈ। ਕਲੀਨਿਕਾਂ ਨੂੰ ਰਾਜ ਦੀ ਮਨਜ਼ੂਰੀ ਤੋਂ ਬਿਨਾਂ ਸੇਵਾਵਾਂ ਘਟਾਉਣ ਤੋਂ ਰੋਕਦਾ ਹੈ। ਕਲੀਨਿਕਾਂ ਨੂੰ ਅਦਾਇਗੀ ਦੇ ਸਰੋਤ ਦੇ ਅਧਾਰ 'ਤੇ ਮਰੀਜ਼ਾਂ ਦਾ ਇਲਾਜ ਕਰਨ ਤੋਂ ਇਨਕਾਰ ਕਰਨ ਤੋਂ ਵਰਜਿਤ ਕਰਦਾ ਹੈ। ਆਰਥਕ ਪ੍ਰਭਾਵ: ਰਾਜ ਅਤੇ ਸਥਾਨਕ ਸਰਕਾਰਾਂ ਦੇ ਖਰਚਿਆਂ ਵਿੱਚ ਸਾਲਾਨਾ ਹੇਠਲੇ ਪੱਧਰ 'ਤੇ ਦਸੀਆਂ ਮਿਲੀਅਨ ਡਾਲਰ ਦੇ ਵਾਧੇ ਦੀ ਸੰਭਾਵਨਾ

☐ ਹਾਂ

☐ ਨਹੀਂ

ਅਗਲੇ ਕਾਲਮ ਵਿੱਚ ਵੋਟ ਪਾਉਣਾ ਜਾਰੀ ਰੱਖੋ

## ਪ੍ਰਸਤਾਵ 24

ਖਪਤਕਾਰ ਦੇ ਨਿੱਜਤਾ ਕਾਨੂੰਨਾਂ ਵਿੱਚ ਸੋਧ ਕਰਦਾ ਹੈ। ਪਹਿਲ ਕਾਨੂੰਨ। ਖਪਤਕਾਰਾਂ ਨੂੰ ਇਸਦੀ ਇਜਾਜ਼ਤ ਦਿੰਦਾ ਹੈ: ਕਾਰੋਬਾਰਾਂ ਨੂੰ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਰੋਕਣਾ, ਗਲਤ ਨਿੱਜੀ ਜਾਣਕਾਰੀ ਨੂੰ ਸਹੀ ਕਰਨਾ ਅਤੇ ਕਾਰੋਬਾਰਾਂ ਦੁਆਰਾ 'ਸੰਵੇਦਨਸ਼ੀਲ ਨਿੱਜੀ ਜਾਣਕਾਰੀ' ਦੀ ਵਰਤੋਂ ਨੂੰ ਸੀਮਿਤ ਕਰਨਾ, ਜਿਸ ਵਿੱਚ ਸਟੀਕ ਭੂਗੋਲਿਕ ਸਥਿਤੀ, ਨਸਲ, ਜਾਤੀ ਅਤੇ ਸਿਹਤ ਸੰਬੰਧੀ ਜਾਣਕਾਰੀ ਸ਼ਾਮਲ ਹੈ। California ਨਿੱਜਤਾ ਸੁਰੱਖਿਆ ਏਜੰਸੀ ਦੀ ਸਥਾਪਨਾ ਕਰਦਾ ਹੈ। ਆਰਥਕ ਪ੍ਰਭਾਵ: ਵਿਸਤਾਰਿਤ ਖਪਤਕਾਰ ਦੇ ਨਿੱਜਤਾ ਕਾਨੂੰਨਾਂ ਨੂੰ ਲਾਗੂ ਕਰਨ ਲਈ, ਰਾਜ ਲਈ ਸਾਲਾਨਾ ਖਰਚੇ ਵਿੱਚ ਘੱਟੋ-ਘੱਟ $10 ਮਿਲੀਅਨ ਦਾ ਵਾਧਾ, ਪਰ ਇਸਦੇ ਹੇਠਲੇ ਪੱਧਰ 'ਤੇ ਦਸੀਆਂ ਮਿਲੀਅਨ ਡਾਲਰਾਂ ਤੋਂ ਵੱਧ ਹੋਣ ਦੀ ਸੰਭਾਵਨਾ ਨਹੀਂ ਹੈ। ਇਹਨਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਜੁਰਮਾਨਿਆਂ ਦੁਆਰਾ ਕੁਝ ਖਰਚੇ ਪੂਰੇ ਹੋ ਜਾਣਗੇ।

☐ ਹਾਂ

☐ ਨਹੀਂ

## ਪ੍ਰਸਤਾਵ 25

ਉਸ ਕਨੂੰਨ 'ਤੇ ਲੋਕਮੱਤ ਜਿਸ ਨੇ ਪੈਸੇ-ਅਧਾਰਤ ਜ਼ਮਾਨਤ ਨੂੰ ਜਨਤਕ ਸੁਰੱਖਿਆ ਅਤੇ ਫਲਾਈਟ ਰਿਸਕ (ਅਪਰਾਧੀ ਦੇ ਦੇਸ਼ ਛੱਡ ਜਾਣ ਦਾ ਜੋਖਮ) ਅਧਾਰਤ ਸਿਸਟਮ ਨਾਲ ਬਦਲ ਦਿੱਤਾ ਸੀ। ਪੈਸੇ-ਅਧਾਰਤ ਜ਼ਮਾਨਤ ਨੂੰ ਜਨਤਕ ਸੁਰੱਖਿਆ ਅਤੇ ਫਲਾਈਟ ਰਿਸਕ (ਅਪਰਾਧੀ ਦੇ ਦੇਸ਼ ਛੱਡ ਜਾਣ ਦਾ ਜੋਖਮ) ਅਧਾਰਤ ਸਿਸਟਮ ਨਾਲ ਬਦਲਣ ਵਾਲੇ ਕਨੂੰਨ ਨੂੰ "ਹਾਂ" ਵਾਲੀ ਵੋਟ ਮਨਜ਼ੂਰ ਕਰੇਗੀ, ਅਤੇ "ਨਾ" ਵਾਲੀ ਨਾਮਨਜ਼ੂਰ ਕਰੇਗੀ। ਆਰਥਕ ਪ੍ਰਭਾਵ: ਮੁਕੱਦਮੇ ਤੋਂ ਪਹਿਲਾਂ ਜੇਲ 'ਚੋਂ ਰਿਹਾਈ ਵਾਲੀ ਇੱਕ ਨਵੀਂ ਪ੍ਰਕਿਰਿਆ ਲਈ ਸਾਲਾਨਾ ਤੌਰ 'ਤੇ ਖਰਚਿਆਂ ਵਿੱਚ ਕੁਝ ਸੌ ਮਿਲੀਅਨ ਡਾਲਰਾਂ ਦਾ ਸੰਭਾਵਤ ਵਾਧਾ ਹੋਵੇਗਾ। ਕਾਉਂਟੀ ਦੇ ਜੇਲ੍ਹ ਸੰਬੰਧੀ ਖਰਚੇ ਘਟਣਗੇ, ਜੋ ਕਿ ਸਾਲਾਨਾ ਤੌਰ 'ਤੇ ਕਈ ਦਸਿਓ ਮਿਲੀਅਨ ਡਾਲਰ ਹੋ ਸਕਦੇ ਹਨ।

☐ ਹਾਂ

☐ ਨਹੀਂ

ਅਗਲੇ ਕਾਲਮ ਵਿੱਚ ਵੋਟ ਪਾਉਣਾ ਜਾਰੀ ਰੱਖੋ

## ਸਕੂਲ

### WINTERS ਜੁਆਇੰਟ ਯੂਨੀਫਾਈਡ ਸਕੂਲ ਡਿਸਟ੍ਰਿਕਟ

### ਵਿਧੇਅਕ W

Winters ਹਾਈ ਸਕੂਲ ਅਤੇ Waggoner ਐਲੀਮੈਂਟਰੀ ਸਕੂਲ ਵਿਖੇ ਸਿੱਖਿਆ ਦੀ ਗੁਣਵਤਾ ਅਤੇ ਸੁਧਾਰ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ; ਲੀਕ ਹੁੰਦੀਆਂ ਛੱਤਾਂ ਦੀ ਮੁਰੰਮਤ/ਉਨ੍ਹਾਂ ਨੂੰ ਬਦਲਣ ਲਈ; ਅਤੇ ਪੁਰਾਣੇ ਕਲਾਸਰੂਮ, ਬਾਥਰੂਮ ਅਤੇ ਸਕੂਲ ਸਹੂਲਤਾਂ ਦਾ ਆਧੁਨਿਕੀਕਰਨ ਕਰਨ ਲਈ; ਕੀ Winters ਜੁਆਇੰਟ ਯੂਨੀਫਾਈਡ ਸਕੂਲ ਡਿਸਟ੍ਰਿਕਟ $19,000,000 ਦੇ ਬੌਂਡਸ ਜਾਰੀ ਕਰੇਗਾ, ਜਿਸ ਲਈ ਆਂਕਲਿਤ ਮੁਲਾਂਕਣ ਦੇ ਪ੍ਰਤੀ $100 'ਤੇ ਅਨੁਮਾਨਤ 4.9 ਸੈਂਟ ਦੀ ਸਾਲਾਨਾ ਉਗਾਹੀ ਕੀਤੀ ਜਾਏਗੀ, ਅਤੇ ਜਿਸ ਨਾਲ ਹਰ ਸਾਲ ਔਸਤਨ $1,000,000 ਇਕੱਠਾ ਹੋਣਗੇ ਜਦੋਂ ਤੱਕ ਕਿ ਬੌਂਡਸ ਬਕਾਇਆ ਰਹਿੰਦੇ ਹਨ, ਅਤੇ ਜਿਨ੍ਹਾਂ ਲਈ ਸੁਤੰਤਰ ਨਾਗਰਿਕ ਨਿਗਰਾਨੀ ਕਮੇਟੀ ਦੀ ਲੋੜ ਹੋਵੇਗੀ ਅਤੇ ਤਨਖਾਹਾਂ ਲਈ ਕੋਈ ਪੈਸਾ ਨਹੀਂ ਵਰਤਿਆ ਜਾਏਗਾ ਅਤੇ ਸਾਰਾ ਪੈਸਾ ਸਥਾਨਕ ਤੌਰ 'ਤੇ ਖਰਚ ਕੀਤਾ ਜਾਏਗਾ?

☐ ਬੌਂਡਸ ਹਾਂ

☐ ਬੌਂਡਸ ਨਹੀਂ

ਬੈਲਟ ਦੀ ਸਮਾਪਤੀ